# <u>ਅਜੋਕੇ ਦੌਰ ਵਿਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ</u>

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬੀ, ਸੰਸਾਰ ਦੀਆਂ ਕੁਝ ਜੀਵਤ ਪੁਰਾਣੀਆਂ ਭਾਸ਼ਾਵਾਂ ਵਿਚੋਂ ਇੱਕ ਹੈ । ਦੇ ਲਗਭਗ 150 ਦੇਸਾਂ ਵਿਚ, ਜਿਥੇ ਪੰਜਾਬੀ ਵੱਸੇ ਹੋਏ ਹਨ, ਪੰਜਾਬੀ ਬੋਲੀ ਜਾਂਦੀ ਹੈ । ਲਗਭਗ 13 ਕਰੋੜ ਲੋਕਾਂ ਦੀ ਬੋਲੀ ਹੋਣ ਕਰਕੇ, ਇਸਨੂੰ ਸੰਸਾਰ ਦੀਆਂ ਕੁੱਲ 6000 ਭਾਸ਼ਾਵਾਂ ਵਿਚ 19 ਵਾਂ ਦਰਜਾ ਪ੍ਰਾਪਤ ਹੈ। ਵਿਦਵਾਨ ਤਾਂ ਇਹ ਵੀ ਕਹਿੰਦੇ ਹਨ ਕਿ ਪੰਜਾਬੀ ਭਾਸ਼ਾ, ਅੰਗਰੇਜ਼ੀ ਭਾਸ਼ਾ ਨਾਲੋਂ ਲਗਭਗ 150 ਸਾਲ ਪੁਰਾਣੀ ਤੇ ਕਾਫ਼ੀ ਉਨਤ ਹੋ ਚੁੱਕੀ ਭਾਸ਼ਾ ਹੈ । ਅੰਗਰੇਜ਼ੀ ਦਾ ਸੱਭ ਤੋਂ ਪੁਰਾਣਾ ਤੇ ਪਹਿਲਾ ਲੇਖਕ (ਕਵੀ), ਚੌਸਰ ਨੂੰ ਮੰਨਿਆ ਜਾਂਦਾ ਹੈ । ਪੰਜਾਬੀ ਦਾ ਪਹਿਲਾ ਲੇਖਕ (ਕਵੀ) ਬਾਬਾ ਫਰੀਦ, 1173 ਵਿਚ ਪੈਦਾ ਹੋਇਆ, ਜਦੋਂ ਕਿ ਚੌਸਰ 127 ਸਾਲ ਪਿਛੋਂ, ਭਾਵ 1300 ਈ. ਵਿਚ ਪੈਦਾ ਹੋਇਆ । ਇਸਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਅੰਗਰੇਜ਼ੀ ਭਾਸ਼ਾ ਨਾਲ ਬਹੁਤ ਪੁਰਾਣੀ ਤੇ ਸੰਪੰਨ ਭਾਸ਼ਾ ਹੈ । । ਸੰਸਾਰ ਪੰਜਾਬੀ ਭਾਸ਼ਾ ਤੇ ਉਸਦੀ ਲਿਪੀ, ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਨਾਲੋਂ ਵਧੇਰੇ ਸਾਰਥਕ ਤੇ ਸੰਪੂਰਨ ਭਾਸਦੀ ਹੈ। ਪੰਜਾਬੀ ਵਿਚ ਹਰ ਸ਼ਬਦ ਬੋਲਦਾ ਹੈ ਜਦੋਂ ਕਿ ਇਹਨਾਂ ਭਾਸ਼ਾਵਾਂ ਵਿਚ ਅਜਿਹਾ ਨਹੀਂ ਹੈ। ਅੰਗਰੇਜ਼ੀ ਭਾਸ਼ਾ ਵਿਚ ਉਸਦਾ ਆਪਣਾ ਸ਼ਬਦ-ਭੰਡਾਰ ਬਹੁਤ ਘੱਟ ਹੈ । ਉਸਨੇ ਬਹੁਤੇ ਸ਼ਬਦ ਲਾਤੀਨੀ ਤੇ ਫ਼ਰਾਂਸੀਸੀ ਭਾਸ਼ਾਵਾਂ ਵਿਚੋਂ ਲਏ ਹਨ । ਇੱਥੋਂ ਤੱਕ ਕਿ ਉਸਨੇ 7000 ਤੋਂ ਵੱਧ ਸ਼ਬਦ ਭਾਰਤੀ ਭਾਸ਼ਾਵਾਂ ਵਿਚੋਂ ਲੈ ਕੇ ਆਪਣੇ ਅੰਦਰ ਜ਼ਜਬ ਕਰ ਲਏ ਹਨ । ਸ਼ਾਇਦ ਸਾਡੇ ਬਹੁਤ ਸਾਰੇ ਪਾਠਕ ਇਹ ਨਹੀਂ ਜਾਣਦੇ ਕਿ ਬਹੁਤ ਸਮਾਂ ਪਹਿਲਾਂ ਅੰਗਰੇਜੀ ਨੂੰ ਵੀ ਪੰਜਾਬੀ ਵਾਂਗ 'ਗੰਵਾਰਾਂ ਦੀ ਭਾਸ਼ਾ' ਕਿਹਾ ਜਾਂਦਾ ਸੀ ਅਤੇ ਅੰਗਰੇਜ਼ੀ ਰਾਜਕੁਮਾਰ ਤੇ ਵਿਦਵਾਨ, ਲਾਤੀਨੀ ਤੇ ਫ਼ਰਾਂਸੀਸੀ ਪੜ੍ਹਨ ਲਈ ਰੋਮ ਤੇ ਪੈਰਿਸ ਜਾਇਆ ਕਰਦੇ ਸਨ । ਨਾਲੇ ਜਿਸ ਭਾਸ਼ਾ ਵਿਚ ਗੁਰੂ ਗ੍ਰੰਥ ਸਾਹਿਬ ਵਰਗਾ ਅਦੁੱਤੀ, ਉਤਕ੍ਰਿਸ਼ਟ ਅਮਰ ਗ੍ਰੰਥ ਹੋਵੇ, ਉਹ ਭਾਸ਼ਾ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ, ਘਟੀਆ ਕਿਵੇਂ ਹੋ ਸਕਦੀ ਹੈ ।

1. **<u>ਉੱਤਰਜੀਵਤਾ ਲਈ ਸੰਘਰਸ਼ (Struggle for Survival):</u>** ਸੰਨ 2008 ਨੂੰ, ਜਲੰਧਰ ਵਿਚ ਇਕ ਸਾਹਿਤਕ ਗੋਸਟੀ ਵਿਚ ਬੋਲਦੇ ਹੋਏ, ਪ੍ਰਸਿੱਧ ਪੱਤਰਕਾਰ ਕੁਲਦੀਪ ਨਈਅਰ ਨੇ ਕਿਹਾ ਸੀ ਕਿ ਜੇਕਰ ਪੰਜਾਬੀ ਨੂੰ ਨਾ ਸਾਂਭਿਆ ਗਿਆ ਤਾਂ ਇਹ ਅਗਲੇ 50 ਸਾਲਾਂ ਵਿੱਚ ਮਰ ਜਾਵੇਗੀ । ਉਨ੍ਹਾਂ ਦੀ ਇਸ ਚੇਤਾਵਨੀ ਦਾ ਆਧਾਰ ਕੌਮਾਂਤਰੀ ਸੰਸਥਾ ਯੂਨੈਸਕੋ ਵੱਲੋਂ ਸੰਸਾਰ ਤੇ ਭਾਰਤੀ ਭਾਸ਼ਾਵਾਂ ਪ੍ਰਤੀ ਦਿੱਤੀ ਇਹ ਟਿੱਪਣੀ ਸੀ ਕਿ ਕੁਝ ਭਾਰਤੀ ਭਾਸ਼ਾਵਾਂ ਮੌਤ ਦੀ ਕਗਾਰ ਉਪਰ ਹਨ ਅਤੇ ਕੁਝ ਆਉਣ ਵਾਲੇ ਸਮੇਂ ਵਿਚ ਚੁੱਪ-ਚਾਪ, ਆਪਣੀ ਮੌਤੇ ਆਪ ਮਰ ਜਾਣਗੀਆਂ । ਯੂਨੈਸਕੋ ਅਨੁਸਾਰ, ਭਾਰਤ ਵਿਚ 196 ਅਸੁਰੱਖਿਅਤ ਭਾਸ਼ਾਵਾਂ ਹਨ । ਇਨ੍ਹਾਂ ਵਿਚੋਂ 84 ਮਰਨ ਕਿਨਾਰੇ ਹਨ ਕਿਉਂਕਿ ਇਹਨਾਂ ਨੂੰ ਥੋੜ੍ਹੇ ਜਿਹੇ ਖੇਤਰ ਵਿਚ, ਕੁਝ ਪੁਰਾਣੀਆਂ ਪੀੜ੍ਹੀਆਂ ਹੀ ਬੋਲਦੀਆਂ ਹਨ । ਰਿਪੋਰਟ ਅਨੁਸਾਰ, ਕੁਝ ਭਾਰਤੀ ਭਾਸ਼ਾਵਾਂ, ਜਿਵੇਂ ਕਿ ਖ਼ਾਸੀ, ਤੁਲੂ, ਕੌਂਕਣੀ, ਗੜ੍ਹਵਾਲੀ, ਕੁਮਾਉਣੀ ਆਦਿ ਬਿਲਕੁਲ ਮਰਨ ਕਿਨਾਰੇ ਹਨ । ਪੰਜਾਬੀ ਭਾਸ਼ਾ ਨੂੰ ਵੀ ਅਸੁਰੱਖਿਅਤ ਜ਼ੋਨ ਵਿਚ ਰੱਖਿਆ ਗਿਆ ਹੈ, ਜਿਸ ਅਨੁਸਾਰ ਆਉਣ ਵਾਲੇ 50 ਸਾਲਾਂ ਵਿਚ ਇਸਦੇ ਮਰ ਜਾਣ ਦੀ ਭਵਿੱਖਬਾਣੀ ਕੀਤੀ ਗਈ ਹੈ ।

ਬਹੁਤੇ ਲੋਕਾਂ ਨੇ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਨਹੀਂ ਲਿਆ । ਉਹਨਾਂ ਦਾ ਖਿਆਲ ਹੈ ਕਿ ਪੰਜਾਬੀ ਬੋਲੀ ਖਤਮ ਨਹੀਂ ਹੋ ਸਕਦੀ ਕਿਉਂਕਿ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਬਹੁਤ ਵਧੇਰੇ ਹੈ । ਭਾਰਤ, ਪਾਕਿਸਤਾਨ ਤੋਂ ਬਾਹਰ ਇਹ ਅਨੇਕਾਂ ਦੇਸਾਂ ਵਿਚ ਬੋਲੀ ਜਾਂਦੀ ਹੈ । ਪੰਜਾਬ ਦੀ ਇਹ ਰਾਜ ਭਾਸ਼ਾ ਹੈ ਤੇ ਸਰਕਾਰ ਵੀ ਇਸਦੀ ਪ੍ਰਫੁਲਤਾ ਲਈ ਹਰ ਹੀਲਾ ਵਰਤ ਰਹੀ ਹੈ । ਇਸ ਲਈ ਪੰਜਾਬੀ ਦਾ ਭਵਿੱਖ ਸੁਰੱਖਿਅਤ ਹੈ । ਪਰੰਤੂ ਜੇਕਰ ਗੰਭੀਰਤਾ ਨਾਲ, ਭਾਵਨਾਵਾਂ ਤੋਂ ਉਪਰ ਉਠ ਕੇ ਇਸ ਮਸਲੇ ਨੂੰ ਗੰਭੀਰਤਾ ਤੇ ਸਹਿਜਤਾ ਨਾਲ ਵਿਚਾਰੀਏ ਤਾਂ ਇਹ ਗੱਲ ਬਿਲਕੁਲ ਅਸੰਭਵ ਨਹੀਂ ਲਗਦੀ ਕਿ ਪੰਜਾਬੀ ਬੋਲੀ ਦੀ ਹੋਂਦ ਸਚਮੁੱਚ ਖਤਰੇ ਵਿਚ ਹੈ ।

(i) ਕਿਸੇ ਵੀ ਭਾਸ਼ਾ ਦੇ ਜੀਵਤ ਰਹਿਣ ਲਈ ਇਹ ਜਰੂਰੀ ਨਹੀਂ ਕਿ ਉਸਨੂੰ ਬੋਲਣ ਵਾਲੇ ਕਰੋੜਾਂ ਦੀ ਗਿਣਤੀ ਵਿਚ ਹੋਣ। ਅਜੋਕੇ ਸਮੇਂ ਵਿਚ ਜਿਹੜੀ ਵੀ ਭਾਸ਼ਾ ਸਿਰਫ ਬੋਲਚਾਲ ਤੱਕ ਸੀਮਤ ਰਹੇਗੀ, ਉਹ ਦੇਰ-ਸਵੇਰ ਖਤਮ ਹੋ ਜਾਵੇਗੀ । ਭਾਸ਼ਾ ਤਾਂ ਸਿਰਫ ਉਹ ਹੀ ਜਿਉਂਦੀ ਰਹੇਗੀ ਜਿਹੜੀ ਗਿਆਨ, ਵਿਗਿਆਨ, ਸਿੱਖਿਆ, ਰੁਜ਼ਗਾਰ, ਆਰਥਿਕਤਾ, ਰਾਜਨੀਤੀ ਅਤੇ ਸੱਤਾ ਦੀ ਭਾਸ਼ਾ ਰਹੇਗੀ । ਉਦਾਹਰਨ ਲਈ, ਵਿਸ਼ਵ ਵਿਚ ਅੰਗਰੇਜ਼ੀ ਬੋਲਣ ਵਾਲੇ ਲੋਕ, ਕੁਝ ਆਬਾਦੀ ਦਾ 86 ਹਨ । ਕਰੋੜਾਂ ਦੀ ਆਬਾਦੀ ਵਾਲੇ ਭਾਰਤ ਵਿਚ ਸਿਰਫ 5% ਲੋਕ ਹੀ ਅੰਗਰੇਜ਼ੀ ਬੋਲ ਪੜ੍ਹ ਸਕਦੇ ਹਨ । ਪਰੰਤੂ ਸਮੁੱਚੀ ਦੁਨੀਆਂ ਦਾ ਗਿਆਨ 80% ਅੰਗਰੇਜ਼ੀ ਵਿਚ ਉਪਲੱਭਧ ਹੈ । ਇਸਤੋਂ ਸਿੱਧ ਹੁੰਦਾ ਹੈ ਕਿ ਬੋਲਣ ਵਾਲਿਆਂ ਦੀ ਗਿਣਤੀ ਉਪਰ ਹੀ ਭਾਸ਼ਾ ਦੇ ਜੀਉਣ ਦੀ ਕੋਈ ਗਰੰਟੀ ਹੁੰਦੀ ਹੈ। ਭਾਸ਼ਾ ਜਦ ਤੱਕ ਸਮਾਜੀ, ਰਾਜਸੀ, ਆਰਥਿਕ ਪ੍ਰਬੰਧ ਦੇ ਸਮੇਚੇ ਸਿਧਾਂਤ ਅਤੇ ਵਿਹਾਰਕ ਦਾਰਮਦਾਰ ਦੀ ਵਾਹਕ ਨਹੀਂ ਬਣਦੀ, ਉਦੋਂ ਤੱਕ ਉਹ ਵਿਕਾਸ ਨਹੀਂ ਕਰ ਸਕਦੀ । ਜਦੋਂ ਤੱਕ ਉਸਦਾ ਵਿਕਾਸ ਨਹੀਂ ਹੋਵੇਗਾ, ਉਸਦਾ ਭਵਿੱਖ ਸੁਰੱਖਿਅਤ ਨਹੀਂ ਹੋਵੇਗਾ । ਕੀ ਅਸੀਂ ਸਮਝਦੇ ਹਾਂ ਕਿ ਪੰਜਾਬੀ, ਪੰਜਾਬ ਦੇ ਲੋਕਾਂ ਲਈ ਗਿਆਨ, ਵਿਗਿਆਨ, ਸਿੱਖਿਆ, ਰੁਜਗਾਰ, ਆਰਥਿਕਤਾ, ਰਾਜਨੀਤੀ ਤੇ ਸੱਤਾ ਦੀ ਭਾਸ਼ਾ ਹੈ। ਜੇ ਨਹੀਂ ਤਾਂ ਉਸਦਾ ਭਵਿੱਖ ਕਿਵੇਂ ਸੁਰੱਖਿਅਤ ਹੋ ਸਕਦਾ ਹੈ?

(ii) ਅਜੋਕੇ ਸਮੇਂ ਵਿਚ ਸਾਮਰਾਜੀ ਸੰਸਾਰੀਕਰਨ ਨੇ ਦੂਜੇ ਸਭਿਆਚਾਰਾਂ ਨੂੰ ਤੋੜ-ਭੰਨ ਕੇ ਉਨ੍ਹਾਂ ਉਤੇ ਪੱਛਮੀ ਸਰਮਾ:ਦਾਰੀ ਦਾ ਗਲਿਆ ਸੜਿਆ ਸਭਿਆਚਾਰ ਨੱਸਣ ਲਈ ਹਮਲਾ ਤੇਜ ਕਰ ਦਿੱਤਾ ਹੈ । ਕਿਉਂਕਿ ਬੋਲੀ ਸਭਿਆਚਾਰ ਦਾ ਆਧਾਰ ਹੁੰਦੀ ਹੈ, ਇਸ ਲਈ, ਕਈ ਬੋਲੀਆਂ ਹੁਣ ਤੱਕ ਖਤਮ ਹੋ ਚੁੱਕੀਆਂ ਹਨ । ਪ੍ਰਸਿੱਧ ਭਾਸ਼ਾ ਵਿਗਿਆਨੀ ਡੇਵਿਡ ਕ੍ਰਿਸਟਲ ਨੇ ਹੁਣੇ-ਹੁਣੇ ਇਹ ਭਵਿੱਖਬਾਣੀ ਕੀਤੀ ਹੈ ਕਿ ਆਉਦੇ 50 ਵਰ੍ਹਿਆਂ ਵਿਚ ਦੁਨੀਆਂ ਵਿਚ ਬੋਲੀਆਂ ਜਾਂਦੀਆਂ 6000 ਭਾਸ਼ਾਵਾਂ ਵਿਚੋਂ 90% ਭਾਸ਼ਾਵਾਂ ਮਰ ਜਾਣਗੀਆਂ, ਜੇਕਰ ਉਨ੍ਹਾਂ ਨੂੰ ਸਾਂਭਣ ਦਾ ਕੋਈ ਹੀਲਾ ਨਾ ਕੀਤਾ ਗਿਆ। ਪੰਜਾਬ ਦੀ ਦਸ਼ਾ ਤਾਂ ਬਾਕੀ ਭਾਰਤ ਨਾਲੋਂ ਬਹੁਤ ਮਾੜੀ ਹੈ ਕਿਉਂਕਿ ਹਰੇ ਇਨਕਲਾਬ ਦੇ ਰੂਪ ਵਿਚ ਇਥੇ ਪਹਿਲਾਂ ਹੀ ਇਹ ਸਾਮਰਾਜੀ ਹਮਲਾ ਹੋ ਚੁੱਕਿਆ ਹੈ।

(ii) ਵਿਸ਼ਵੀਕਰਨ (Globalisation) ਦੇ ਇਸ ਸਾਮਰਾਜੀ ਹਮਲੇ ਦੇ ਨਤੀਜੇ ਵਜੋਂ, ਅੰਗਰੇਜ਼ੀ ਬੋਲੀ, ਪੰਜਾਬੀ ਬੋਲੀ ਉੱਤੇ ਹਮਲਾ ਕਰ ਰਹੀ ਹੈ । ਪੰਜਾਬ ਵਿਚ ਧੜਾ-ਧੜ ਅੰਗਰੇਜ਼ੀ ਸਕੂਲ ਖੁੱਲ ਗਏ ਹਨ । ਇਥੋਂ ਦੇ ਲੋਕ ਇਹ

ਮਹਿਸੂਸ ਕਰਨ ਲਗ ਪਏ ਹਨ ਕਿ ਸਿਰਫ ਅੰਗਰੇਜ਼ੀ ਨਾਲ ਹੀ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੋ ਸਕਦਾ ਹੈ । ਅੱਜ ਦੇ ਕੰਪਿਊਟਰ ਯੁੱਗ ਵਿਚ ਸਿਰਫ ਅੰਗਰੇਜ਼ੀ ਨਾਲ ਹੀ ਉਨਤੀ ਹੋ ਸਕਦੀ ਹੈ । ਉਹ ਲੋਕ ਸ਼ਾਇਦ ਇਹ ਨਹੀਂ ਜਾਣਦੇ ਕਿ ਰੂਸ, ਜਰਮਨੀ, ਫਰਾਂਸ, ਜਪਾਨ, ਕੋਰੀਆ ਤੇ ਚੀਨ ਆਦਿ ਦੇਸ਼ਾਂ ਨੇ ਕੰਪਿਊਟਰ ਤਕਨੀਕੀ ਵਿਚ ਉਨਤੀ, ਆਪਣੀ ਬੋਲੀ ਵਿਚ ਹੀ ਕੀਤੀ ਹੈ, ਅੰਗਰੇਜੀ ਅਪਨਾ ਕੇ ਨਹੀਂ ।

(iv) ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਉਤੇ ਹਿੰਦੀ ਦਾ ਹਮਲਾ ਵੀ ਹੋ ਰਿਹਾ ਹੈ। ਪੰਜਾਬੀ ਬੋਲਣ ਵਾਲੀ ਵਸੋਂ ਦਾ ਵੱਡੇ ਪੱਧਰ 'ਤੇ ਲਗਾਤਾਰ ਪੱਛਮੀ ਦੇਸਾਂ ਵੱਲ ਪਰਵਾਸ ਹੋ ਰਿਹਾ ਹੈ ਤੇ ਹਿੰਦੀ ਬੋਲਣ ਵਾਲੀ ਵਸੋਂ ਦਾ ਲਗਾਤਾਰ, ਵੱਡੇ ਪੱਧਰ 'ਤੇ ਇਥੇ ਆਵਾਸ ਹੋ ਰਿਹਾ ਹੈ। ਲਗਦਾ ਹੈ ਕਿ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਵਿਚ ਹਿੰਦੀ ਬੋਲਣ ਵਾਲੇ ਲੋਕਾਂ ਦੀ ਬਹੁ-ਗਿਣਤੀ ਹੋ ਜਾਵੇਗੀ । ਵਿਦੇਸ਼ਾਂ ਵਿਚ ਵੀ ਸਿਰਫ਼ ਪਹਿਲੀ ਪੀੜ੍ਹੀ ਦੇ ਪਰਵਾਸੀ ਹੀ ਪੰਜਾਬੀ ਬੋਲਦੇ ਹਨ, ਦੂਸਰੀ ਪੀੜ੍ਹੀ ਦੇ ਬੱਚੇ ਉਥੋਂ ਦੀ ਭਾਸ਼ਾ ਵਿਚ ਹੀ ਗੱਲ ਕਰਦੇ ਹਨ ।

2. **ਭਾਸ਼ਾਈ ਸੰਚਾਰਨ :** ਅਜੋਕੇ ਸਮੇਂ ਵਿਚ ਭਾਸ਼ਾਈ ਸੰਚਾਰਨ, ਪੰਜਾਬੀ ਭਾਸ਼ਾ ਸਨਮੁਖ ਇਕ ਹੋਰ ਚੁਣੌਤੀ ਹੈ ਕਿਸੇ ਵੀ ਭਾਸ਼ਾ ਦੀ ਹੋਂਦ ਸੁਰੱਖਅਤ ਰੱਖਣ ਲਈ ਇਹ ਜ਼ਰੂਰੀ ਹੈ ਕਿ ਉਸ ਭਾਸ਼ਾ ਵਿਚ ਪੀੜ੍ਹੀ ਦਰ ਪੀੜ੍ਹੀ ਸੰਚਾਰ ਬਣਿਆ ਰਵੇ । ਜੇਕਰ ਇਕ ਪੀੜ੍ਹੀ ਤੋਂ ਦੂਸਰੀ ਪੀੜੀ ਤੱਕ ਜਾਂਦੀ ਭਾਸ਼ਾ ਦੀ ਸੰਚਾਰਨ ਪ੍ਰਤੀਸ਼ਤ ਘਟਦੀ ਜਾਂਦੀ ਹੈ ਤਾਂ ਉਹ ਭਾਸ਼ਾ ਅਸੁਰੱਖਿਅਤ ਹੋ ਜਾਂਦੀ ਹੈ । ਸਿਰਫ਼ ਉਹ ਭਾਸ਼ਾ ਹੀ ਮੁਕੰਮਲ ਸੁਰੱਖਿਅਤ ਮੰਨੀ ਜਾਂਦੀ ਹੈ ਜਿਸ ਦੀ ਵਰਤੋਂ, ਬੱਚਿਆਂ ਸਮੇਤ ਉਮਰ ਦੇ ਹਰ ਵਰਗ ਦੁਆਰਾ ਕੀਤੀ ਜਾਂਦੀ ਹੈ ।

ਪੰਜਾਬੀ ਦੇ ਪ੍ਰਸੰਗ ਵਿਚ ਇਹ ਸਥਿਤੀ ਸੁਰੱਖਿਅਤ ਭਾਸ਼ਾ ਵਾਲੀ ਨਹੀਂ ਹੈ । ਜਿੰਨਾ ਭਾਸ਼ਾਈ ਸੰਚਾਰਨ ਇਕ ਪੀੜ੍ਹੀ ਤੋਂ ਦੂਜੀ ਪੀੜੀ ਤੱਕ ਹੋਣਾ ਚਾਹੀਦਾ ਸੀ, ਉਹ ਨਹੀਂ ਹੋ ਰਿਹਾ । ਪੰਜਾਬ ਮੁੜ ਕੇ ਦੋ ਭਾਸ਼ਾਈ ਸੂਬਾ ਬਣਦਾ ਜਾ ਰਿਹਾ ਹੈ । ਪੰਜਾਬ ਤੋਂ ਬਾਹਰ ਪੰਜਾਬੀ ਦੀ ਹਾਲਤ ਵਧੇਰੇ ਚਿੰਤਾਜਨਕ ਹੈ । ਦਿੱਲੀ, ਹਰਿਆਣਾ, ਹਿਮਾਚਲ ਤੇ ਹੋਰ ਭਾਰਤੀ ਰਾਜਾਂ ਵਿਚ ਰਹਿੰਦੇ ਪੰਜਾਬੀ, ਆਪਣੀ ਮਾਤ ਭਾਸ਼ਾ ਨੂੰ ਸੁਰੱਖਿਅਤ ਰੱਖਣ ਪ੍ਰਤੀ ਫਿਕਰਮੰਦ ਨਹੀਂ ਹਨ । ਉਹ ਪਹਿਰਾਵੇ ਪੱਖੋਂ ਤਾਂ ਪੰਜਾਬੀ ਲੱਗ ਹਨ, ਪਰ ਭਾਸ਼ਾ ਪੱਖੋਂ ਪੰਜਾਬੀ ਨਹੀਂ ਰਹੇ । ਵਿਦੇਸ਼ਾਂ ਵਿਚ ਵੀ ਪੰਜਾਬੀ ਪੀੜ੍ਹੀ ਦੇ ਉਥੇ ਪੈਦਾ ਹੋਏ ਬੱਚੇ, ਉਥੋਂ ਦੀ ਮਾਤ ਭਾਸ਼ਾ ਹੀ ਬੋਲਦੇ ਹਨ । ਇਸ ਤਰ੍ਹਾਂ, ਪੰਜਾਬੀ ਦਾ ਭਾਸ਼ਾਈ ਸੰਚਾਰਨ ਹਰ ਪੱਧਰ 'ਤੇ ਘੱਟ ਰਿਹਾ ਹੈ। ਇਸ ਦੇ ਨਤੀਜੇ ਵਜੋਂ ਇਸਦਾ ਭਵਿੱਖ ਸੁਰੱਖਿਅਤ ਨਹੀਂ ਭਾਸਦਾ । ਇਸ ਲਈ ਵਿਸ਼ੇਸ਼ ਯਤਨਾਂ ਦੀ ਲੋੜ ਹੈ।

3. **ਲਿਖਤੀ ਦਸਤਾਵੇਜ਼ਾਂ ਦੀ ਉਪਲੱਬਧਤਾ** : ਉਹ ਭਾਸ਼ਾ ਵਿਕਸਤ ਤੇ ਸੁਰੱਖਿਅਤ ਹੁੰਦੀ ਹੈ ਜਿਸ ਵਿਚ ਵੱਖ-ਵੱਖ ਕਿਸਮਾਂ ਦੇ ਮਿਆਰੀ ਲਿਖਤੀ ਦਸਤਪੰਜ ਉਪਲੱਬਧ ਹੁੰਦੇ ਹਨ । ਉਸ ਭਾਸ਼ਾ ਵਿਚ ਸਰਬੰਗੀ ਵਿਆਕਰਨਾਂ, ਐਸ. ਹਰ ਪ੍ਰਕਾਰ ਦੀ ਪਾਠ-ਪਠਨ ਸਮੱਗਰੀ ਤੇ ਕੰਪਿਊਟਰ ਆਧਾਰਿਤ ਹਰ ਪ੍ਰਕਾਰ ਦੀ ਅਧਿਐਨ-ਅਧਿਆਪਨ ਸਮੱਗਰੀ ਪ੍ਰਾਪਤ ਹੁੰਦੀ ਹੈ । ਇਕ ਵਿਕਸਿਤ ਤੇ ਸੁਰੱਖਿਅਤ ਭਾਸ਼ਾ ਇਸ ਚੁਣੌਤੀ ਨੂੰ ਸਵੀਕਾਰ ਕਰਦੀ ਹੈ ।

ਇਹ ਠੀਕ ਹੈ ਕਿ ਸਾਹਿਤ ਪੱਖੋਂ, ਪੰਜਾਬੀ ਤੇ ਗੁਰਮੁੱਖੀ ਸਾਹਿਤ ਇਤਿਹਾਸ ਪਰੰਪਰਾ ਬਹੁਤ ਅਮੀਰ ਹੈ । ਪੰਜਾਬੀ ਭਾਸ਼ਾ ਵਿਚ ਉਚ ਪਾਏ ਦਾ ਮਿਆਰੀ ਸਾਹਿਤ ਗੁਰਮੁੱਖੀ ਅੱਖਰਾਂ ਵਿਚ ਉਪਲੱਬਧ ਹੈ ਜਿਸਦਾ ਸਿਖਰ ਗੁਰੂ ਗ੍ਰੰਥ ਸਾਹਿਬ ਦੇ

ਰੂਪ ਵਿਚ ਮਿਲਦਾ ਹੈ । ਸਿੱਖਿਆ ਤੋਂ ਪ੍ਰਬੰਧਕੀ ਢਾਂਚੇ ਵਿਚ ਵੀ ਪੰਜਾਬੀ ਦੀ ਵਰਤੋਂ ਹੁੰਦੀ ਹੈ। ਪਰੰਤੂ ਇਸ ਸਭ ਕੁਝ ਦੇ ਬਾਵਜੂਦ, ਪੰਜਾਬੀ ਵਿਚ ਉਸ ਮਿਆਰ ਤੋਂ ਪੱਧਰ ਦੀ ਅਧਿਐਨ ਅਧਿਆਪਨ ਸਮੱਗਰੀ ਉਪਲੱਬਧ ਨਹੀਂ ਹੁੰਦੀ ਜਿਸ ਪ੍ਰਕਾਰ ਦੀ ਸਮੱਗਰੀ ਇਕ ਵਿਕਸਤ ਭਾਸ਼ਾ ਕੋਲ ਹੋਣੀ ਚਾਹੀਦੀ ਹੈ । ਪੰਜਾਬੀ ਭਾਸ਼ਾ ਵਿਚ ਅਜੇ ਤੱਕ ਇਕ ਵੀ ਮਿਆਰੀ ਤੇ ਪ੍ਰਮਾਣਿਕ ਵਿਆਕਰਨ ਉਪਲੱਬਧ ਨਹੀਂ ਹੈ, ਉਚ-ਪਾਏ ਦੇ ਕੋਸ਼ ਨਹੀਂ ਹਨ, ਸ਼ਬਦ-ਜੋੜ ਕੋਸ਼ ਨਹੀਂ ਹਨ । ਬਿਜਲਈ ਤੇ ਕੰਪਿਊਟਰ ਆਧਾਰਿਤ ਅਧਿਐਨ-ਅਧਿਆਪਨ ਸਮੱਗਰੀ ਦੀ ਬਹੁਤ ਘਾਟ ਹੈ। ਇਸ ਘਾਟ ਨੂੰ ਕੁਝ ਹੱਦ ਤੀਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਡਾ. ਗੁਰਪ੍ਰੀਤ ਸਿੰਘ ਲਹਿਲ ਤੇ ਉਸਦੇ ਸਾਥੀਆਂ ਨੇ ਪੂਰਾ ਕਰਨ ਦਾ ਯਤਨ ਕੀਤਾ ਹੈ । ਉਨ੍ਹਾਂ ਨੇ ਪੰਜਾਬੀ ਮਰ ਚੱਕਰ, ਪੀ ਓ ਐਸ ਟੰਗਰ, ਹਿੰਦੀ ਤੇ ਸਾਹਮੁੱਖੀ ਤੋਂ ਪੰਜਾਬੀ ਮਸੀਨ ਟਰਾਂਸਲੇਸ਼ਨ ਸਿਸਟਮ ਆਦਿ ਤੋਂ ਇਲਾਵਾ ਪੰਜਾਬੀ ਦੀ ਆਨ ਲਾਈਨ ਟੀਚਿੰਗ ਦੇ ਪ੍ਰੋਗਰਾਮ ਵੀ ਸ਼ੁਰੂ ਕੀਤੇ ਹਨ। ਪਰੰਤੂ ਇਨ੍ਹਾਂ ਪ੍ਰੋਗਰਾਮਾਂ ਨੂੰ ਚਲਾਉਣ ਲਈ ਜੋ ਭਾਸ਼ਾਈ ਜਾਣਕਾਰੀ ਤੇ ਸਮੱਗਰੀ ਕੰਪਿਊਟਰ ਨੂੰ ਦੇਣੀ ਚਾਹੀਦੀ ਸੀ, ਉਹ ਇਨ੍ਹਾਂ ਕੋਲ ਉਪਲੱਬਧ ਨਹੀਂ ਹੈ । ਇਸ ਲਈ, ਜਦੋਂ ਇਨ੍ਹਾਂ ਪ੍ਰੋਗਰਾਮਾਂ ਨੂੰ ਵਿਵਾਰਕ ਰੂਪ ਵਿਚ ਚਲਾ ਕੇ ਦੇਖਿਆ ਜਾਂਦਾ ਹੈ ਤਾਂ ਇਹ ਕਾਫ਼ੀ ਗਲਤੀਆਂ ਕਰਦੇ ਹਨ। ਇਸ ਲਈ, ਇਨ੍ਹਾਂ ਪ੍ਰੋਗਰਾਮਾਂ ਨੂੰ ਹਾਲੇ ਮਿਆਰੀ ਤੇ ਵਿਕਸਿਤ ਨਹੀਂ ਕਿਹਾ ਜਾ ਸਕਦਾ ਹੈ । ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਸਾਹਮਣੇ ਇਹ ਇਕ ਵੱਡੀ ਚੁਨੌਤੀ ਹੈ ਕਿ ਉਸ ਵਿਚ ਮਿਆਰੀ ਤੇ ਵਿਕਸਿਤ ਭਾਸ਼ਾ ਨਾਲ ਮੁਕਾਬਲਾ ਕਰਨ ਵਾਲੇ ਲਿਖਤੀ ਦਸਤਾਵੇਜ਼ਾਂ ਦੀ ਉਪਲੱਬਧਤਾ ਹੋਵੇ।

4. **ਮਾਂ ਬੋਲੀ ਪ੍ਰਤੀ ਰਵੱਈਆ** : ਮਾਂ ਬੋਲੀ ਦੇ ਵਿਕਾਸ ਵਿਚ ਉਸਦੇ ਬੋਲਣ ਵਾਲੇ ਲੋਕਾਂ ਦਾ ਰਵੱਈਆ ਬਹੁਤ ਮਹੱਤਤਾ ਰੱਖਦਾ ਹੈ । ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪੰਜਾਬੀ ਪ੍ਰਤੀ ਪੰਜਾਬੀਆਂ ਦਾ ਰਵੱਈਆ ਠੀਕ ਨਹੀਂ ।ਸਾਡੇ ਮਨ ਵਿਚ ਇਹ ਗੱਲ ਘਰ ਕਰ ਚੁੱਕੀ ਹੈ ਕਿ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਦੇ ਮੁਕਾਬਲੇ ਘਟੀਆ ਹੈ । ਇਹ ਭਾਸ਼ਾਈ ਹੀਣਤਾ ਦੀ ਮਾਨਸਿਕਤਾ ਹੈ । ਭਾਸ਼ਾਈ ਹੀਣਤਾ ਭਾਸ਼ਾਈ ਅਸੁਰੱਖਿਆ ਵਿਚੋਂ ਜਨਮ ਲੈਂਦੀ ਹੈ । ਜੋ ਭਾਸ਼ਾ ਆਪਣੇ ਬੁਲਾਰਿਆਂ ਨੂੰ ਸਮਾਜਕ ਆਰਥਕ ਸੁਰੱਖਿਆ ਪ੍ਰਦਾਨ ਨਹੀਂ ਕਰਦੀ, ਉਹ ਪ੍ਰਤਿਸ਼ਠਤਾ ਦਾ ਰੁਤਬਾ ਗੁਆ ਦਿੰਦੀ ਹੈ ।

ਪੰਜਾਬੀਆਂ ਦਾ ਪੰਜਾਬੀ ਪ੍ਰਤੀ ਰੁਝਾਣ ਘੱਟਣ ਦਾ ਮੁੱਖ ਕਾਰਨ ਸਮਾਜਕ, ਮਾਨਸਿਕ ਨਾਲੋਂ ਆਰਥਕ ਵਧੇਰੇ ਹੈ । ਜੇਕਰ ਪੰਜਾਬੀ ਵਿਸ਼ੇ ਵਿਚੋਂ ਉਚ ਡਿਗਰੀਆਂ ਲੈ ਕੇ ਵੀ ਰੁਜ਼ਗਾਰ ਨਹੀਂ ਮਿਲਦਾ ਤਾਂ ਕਿਸੇ ਵਿਅਕਤੀ ਦੇ ਰਵੱਈਏ ਵਿਚ ਕਿਵੇਂ ਪਰਿਵਰਤਨ ਦੀ ਕੀ ਆਸ ਰੱਖੀ ਜਾ ਸਕਦੀ ਹੈ । ਇਹ ਤਾਂ ਇੰਝ ਜਾਪਦਾ ਹੈ:- 'ਮਾਂ ਬੋਲੀ ਨਾ ਭੁਲਣ ਵਾਲੇ, ਕੱਖਾਂ ਵਾਂਗੂ ਉੱਡ ਰਹੇ ਨੇ ।" ਇਸ ਲਈ, ਜਿਹੜੀ ਭਾਸ਼ਾ ਰੁਜ਼ਗਾਰ ਦਾ ਸਾਧਨ ਬਣੇਗੀ, ਉਹੀ ਭਾਸ਼ਾ ਜੀਉਂਦੀ ਰਵੇਗੀ ।

ਉਂਜ ਵੀ ਪੰਜਾਬੀ ਲੋਕ, ਆਪਣੀ ਭਾਸ਼ਾ ਪ੍ਰਤੀ ਸਜੰਗ ਨਹੀਂ ਹਨ । ਉਹ ਭਈਏ ਨਾਲ ਗੱਲ ਕਰਨ ਸਮੇਂ ਹਿੰਦੀ ਬੋਲਣ ਲਗ ਪੈਂਦੇ ਹਨ, ਜਦੋਂ ਕਿ ਭਈਏ ਕਦੇ ਵੀ ਪੰਜਾਬੀ ਵਿਚ ਗੱਲ ਨਹੀਂ ਕਰਦੇ । ਪੰਜਾਬੀਆਂ ਦੀ ਆਪਣੀ ਭਾਸ਼ਾ ਪ੍ਰਤੀ ਇਹ ਮਾਨਸਿਕਤਾ ਬਣ ਚੁੱਕੀ ਹੈ ਕਿ ਉਹ ਮਾਤਭਾਸ਼ਾ ਦੇ ਮਹੱਤਵ ਨੂੰ ਸਮਝਣ ਤੋਂ ਅਸਮਰੱਥ ਹਨ । ਉਨ੍ਹਾਂ ਲਈ ਪੰਜਾਬੀ ਭਾਸ਼ਾ ਸਿਰਫ਼ ਕਾਰ ਵਿਹਾਰ, ਸਾਧਾਰਨ ਬੋਲਚਾਲ ਦੀ ਭਾਸ਼ਾ ਤਾਂ ਹੋ ਸਕਦੀ ਹੈ, ਪਰ ਉਹ ਗਿਆਨ, ਵਿਗਿਆਨ, ਸਿੱਖਿਆ, ਰੁਜਗਾਰ ਤੇ ਬਜਾਰ ਦੀ ਭਾਸ਼ਾ ਨਹੀਂ ਹੋ ਸਕਦੀ । ਪੰਜਾਬੀ ਸਾਹਮਣੇ ਇਹ ਇਕ ਚੁਣੌਤੀ ਹੈ ਕਿ ਉਹ ਪੰਜਾਬੀਆਂ ਦੀ ਗੁਲਾਮ ' ਤੇ ਘਟੀਆ ਮਾਨਸਿਕਤਾ ਬਦਲਣ ਵਿਚ ਸਹਾਇਤਾ ਕਰੇ।

5 **ਸਿੱਖਿਆ ਦਾ ਮਾਧਿਅਮ** - ਮਾਤ ਭਾਸ਼ਾ : ਸਿੱਖਿਆ ਅਤੇ ਸਾਖਰਤਾ ਦੀ ਬੁਨਿਆਦ ਮਾਤ ਭਾਸ਼ਾ ਉਤੇ ਕੀ ਹੁੰਦੀ ਹੈ । ਇਸ ਲਈ, ਮਾਤਾ ਭਾਸ਼ਾ ਵਿਚ ਸਿੱਖਿਆ ਪ੍ਰਦਾਨ ਨਾ ਕਰਾਉਣਾ ਜਿਥੇ ਸਾਖਰਤਾ ਦੀ ਪ੍ਰਤੀਸ਼ਤ ਨੂੰ ਡੰਗਦਾ ਹੈ, ਉਥੇ ਬੇਰੁਜਗਾਰੀ ਅਤੇ ਜਨ-ਸੰਖਿਆ ਦੀ ਸਮੱਸਿਆ ਵਿਚ ਵੀ ਵਾਧਾ ਕਰਦਾ ਹੈ । ਯੂਨੈਸਕੋ (1968) ਅਨੁਸਾਰ, ਆਤਾ ਭਾਸ਼ਾ ਨੂੰ ਸਿੱਖਿਆ ਲਈ ਵਰਤੇ ਜਿੰਨੀ ਦੂਰ ਤੱਕ ਸੰਭਵ ਹੋ ਸਕੇ, ਉਨੀ ਦੂਰ ਤੱਕ ਕੀਤੀ ਜਾਵੇ। ਮਾਤ ਭਾਸ਼ਾ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਨਾਲ ਬੱਚੇ ਦੇ ਦਿਮਾਗ ਤੇ ਬੋਝ ਪੈਂਦਾ ਹੈ । ਜੇਕਰ ਸਿੱਖਿਆ ਮਾਤ ਭਾਸ਼ਾ ਦੁਆਰਾ ਦਿੱਤੀ ਜਾਵੇ ਤਾਂ ਬੱਚਾ ਮਾਤ ਭਾਸ਼ਾ ਪਹਿਲਾਂ ਹੀ ਜਾਣਦਾ ਹੁੰਦਾ ਹੈ, ਇਸ ਲਈ ਉਸਨੂੰ ਕੇਵਲ ਸੰਕਲਪ 'ਤੇ ਧਿਆਨ ਦੇਣ ਦੀ ਹੀ ਲੋੜ ਹੁੰਦੀ ਹੈ।

ਪੰਜਾਬ ਵਿਚ ਸਾਖਰਤਾ ਦੀ ਦਰ, ਭਾਰਤ ਦੀ ਔਸਤ ਦਰ ਨਾਲੋਂ ਕਾਫ਼ੀ ਘੱਟ ਹੈ। ਪ੍ਰਾਇਮਰੀ ਸਿੱਖਿਆ ਲਈ ਬਜਟ ਵਿਵਸਥਾ ਨਿਗੂਣੀ ਜਿਹੀ ਹੈ । ਕੇਵਲ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੈ, ਭਾਵੇਂ ਉਥੇ ਵੀ ਪਹਿਲੀ ਸ਼੍ਰੇਣੀ ਤੋਂ ਅੰਗਰੇਜ਼ੀ ਪੜ੍ਹਨ ਦੇ ਫ਼ਰਮਾਨ ਜਾਰੀ ਹੁੰਦੇ ਰਹਿੰਦੇ ਹਨ । ਅੰਗਰੇਜ਼ੀ ਮਾਧਿਅਮ ਸਕੂਲਾਂ ਉੱਪਰ ਕੋਈ ਕਾਬੂ ਨਹੀਂ । ਸਰਕਾਰੀ ਸਕੂਲਾਂ ਨੂੰ ਜਿਲ੍ਹਾ ਪਰੀਸ਼ਦਾਂ, ਪੰਚਾਇਤਾਂ ਤੇ ਨਿੱਜੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਨਿਜੀ ਸਕੂਲਾਂ ਵਿਚ ਤਾਂ ਪਹਿਲਾਂ ਹੀ ਪੰਜਾਬੀ ਵਰਜਿਤ ਹੈ, ਪ੍ਰਾਈਵੇਟ ਸਿੱਖਿਆ ਸੰਸਥਾਵਾਂ 'ਤੇ ਫਿਰਕੂ ਅਨਸਰਾਂ ਦਾ ਕਬਜਾ ਹੈ । ਪੰਜਾਬ ਦੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲ ਅਤੇ ਕਾਲਜ ਸਰਕਾਰ ਪਾਸੋਂ 95% ਗਰਾਂਟ ਲੈਂਦੇ ਹਨ, ਪਰ ਪੰਜਾਬੀ ਲਾਗੂ ਕਰਨ ਵੇਲੇ ਉਹ ਕਾਨੂੰਨ ਦੀ ਘੋਰ ਉਲੰਘਣਾ ਕਰਦੇ ਹਨ । ਇਸ ਤਰ੍ਹਾਂ, ਕਿਵੇਂ ਪੰਜਾਬੀ ਦਾ ਵਿਕਾਸ ਹੋਵੇਗਾ? ਕਿਉਂ ਨਹੀਂ ਦੱਖਣੀ ਭਾਰਤੀ ਰਾਜਾਂ ਦੀ ਸਿੱਖਿਆ ਨੀਤੀ ਵਾਂਗ, ਪੰਜਾਬ ਵਿਚ ਵੀ ਸਾਰੀਆਂ ਸਰਕਾਰੀ ਤੇ ਪ੍ਰਾਈਵੇਟ, ਮਾਡਲ ਤੇ ਸੈਨਿਕ, ਈਸਾਈ ਤੇ ਹੋਰ ਧਰਮਾਂ ਦੀਆਂ ਸੰਸਥਾਵਾਂ ਵਿਚ ਪੰਜਾਬੀ-ਗੁਰਮੁੱਖੀ, ਇਕ ਲਾਜ਼ਮੀ ਦਿਸ਼ਾ ਤੇ ਘੱਟੋ-ਘੱਟ ਪਾਇਮਰੀ ਪੱਧਰ ਤੱਕ ਸਿਖਿਆ ਦਾ ਮੱਧਿਅਮ ਪੰਜਾਬੀ ਕਰ ਦਿੱਤਾ ਜਾਂਦਾ ।

ਇਹ ਠੀਕ ਹੈ ਕਿ ਪੰਜਾਬ ਵਿਚ ਪੰਜਾਬੀ ਨੂੰ ਦਸਵੀਂ ਪੱਧਰ ਤੱਕ ਲਾਜ਼ਮੀ ਪੜ੍ਹਾਉਣ ਦੀ ਵਿਵਸਥਾ ਹੈ । ਪਰੰਤੂ ਲਾਜ਼ਮੀ ਪੜ੍ਹਾਏ ਜਾਣ ਨਾਲ ਭਾਸ਼ਾ ਦਾ ਵਿਕਾਸ ਸੰਭਵ ਨਹੀਂ ਕਿਉਂਕਿ ਭਾਸ਼ਾ ਦਾ ਲਾਜ਼ਮੀਕਰਨ ਤੇ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਏ ਜਾਣ ਵਿਚ ਢੇਰ ਸਾਰਾ ਅੰਤਰ ਹੈ । ਸਮੁੱਚੀ ਸਿੱਖਿਆ ਪ੍ਰਣਾਲੀ ਨੂੰ ਜਦੋਂ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਪੜ੍ਹਾਇਆ ਜਾਵੇਗਾ ਤਾਂ ਇਸ ਨਾਲ ਇਕ ਨਵੇਂ ਪੰਜਾਬੀ ਮਨੁੱਖ ਦੀ ਸਿਰਜਣਾ ਲਈ ਯੋਗ ਵਾਤਾਵਰਨ ਅਤੇ ਆਧਾਰ ਤਿਆਰ ਹੋਵੇਗਾ । ਦੁਨੀਆਂ ਵਿਚ ਉਹੀ ਭਾਸ਼ਾਵਾਂ ਤੇ ਸਮਾਜ ਤਰੱਕੀ ਕਰਦੇ ਹਨ ਜੋ ਆਪਣੀ ਸਮੁੱਚੀ ਸਿੱਖਿਆ ਪ੍ਰਣਾਲੀ ਨੂੰ ਮਾਤਾ ਭਾਸ਼ਾ ਵਿਚ ਮੁਹੱਈਆ ਕਰਵਾਉਂਦੇ ਹਨ।

6. **ਜਨ-ਸੰਚਾਰ ਮਾਧਿਅਮ ਤੇ ਪੰਜਾਬੀ** ; ਜਨ-ਸੰਚਾਰ ਮਾਧਿਅਮ ਦੁਆਰਾ ਸੰਬੰਧਿਤ ਖਿੱਤੇ ਦੀ ਭਾਸ਼ਾ ਨੇ ਇਕ ਵਿਸ਼ੇਸ਼ ਰੁਤਬਾ ਹਾਸਲ ਕਰਨਾ ਹੁੰਦਾ ਹੈ । ਇਸ ਨਾਲ ਭਾਸ਼ਾ ਦਾ ਟਕਸਾਲੀਕਰਨ ਤੇ ਇਕਸਾਰੀਕਰਨ ਹੁੰਦਾ ਹੈ । ਭਾਸ਼ਾ ਦੀ ਸਹੀ ਵਰਤੋਂ ਨਾਲ ਭਾਸ਼ਾ ਤਰੱਕੀ ਕਰਦੀ ਹੈ । ਅੱਜ ਕੱਲ੍ਹ ਹਰ ਪਾਸੇ ਜਨ-ਸੰਚਾਰ ਮਾਧਿਅਮ ਦਾ ਬੋਲਬਾਲਾ ਹੈ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਭਾਵੇਂ ਪੰਜਾਬੀ ਸੰਚਾਰ ਮਾਧਿਅਮਾਂ (ਰੇਡੀਓ, ਟੀ.ਵੀ., ਅਖਬਾਰਾਂ ਆਦਿ ਵਿਚ ਚੋਖਾ ਵਾਧਾ ਹੋਇਆ ਹੈ, ਪਰ ਇਸ ਨਾਲ ਪੰਜਾਬੀ ਭਾਸ਼ਾ ਦਾ ਵਿਕਾਸ ਘੱਟ ਤੇ ਵਿਨਾਸ਼ ਵਧੇਰੇ ਹੋਇਆ ਹੈ । ਇਹ ਮਾਧਿਅਮ, ਪੰਜਾਬੀ ਭਾਸ਼ਾ ਦੇ ਟਕਸਾਲੀਕਰਨ ਤੇ ਇਕਸਾਰੀਕਰਨ ਕਰਨ ਵਿਚ ਕੋਈ ਵਿਸ਼ੇਸ਼ ਭੂਮਿਕਾ ਨਹੀਂ ਨਿਭਾਅ ਰਹੇ । ਪੰਜਾਬ ਦੀਆਂ ਵਧੇਰੇ ਦੁਕਾਨਾਂ ਉਤੇ ਬੋਰਡ ਰਲੀ-ਮਿਲੀ ਪੰਜਾਬੀ ਜਾਂ ਹਿੰਦੀ/ਅੰਗਰੇਜ਼ੀ ਵਿਚ ਲਗੇ ਮਿਲਦੇ ਹਨ, ਜਿਵੇਂ- ਜਨਰਲ ਸਟੇਰ, ਮੈਡੀਕਲ ਸਟੋਰ, ਵਾਈਨ ਐਂਡ ਬੀਅਰ ਸ਼ਾਪ ਆਦਿ । ਅੰਗਰੇਜ਼ੀ ਮਾਧਿਅਮ ਸਕੂਲਾਂ ਦੇ ਬੋਰਡ ਤੇ ਸੜਕਾਂ-ਮਹੱਲਿਆਂ ਦੇ ਨਾਮ ਵੀ ਅੰਗਰੇਜ਼ੀ ਵਿਚ ਹੀ ਲਿਖੇ ਮਿਲਦੇ ਹਨ । ਕਿਤੇ-ਕਿਤੇ ਲਿਪੀ ਭਾਵੇਂ ਗੁਰਮੁੱਖੀ ਮਿਲਦੀ ਹੈ । ਜਲੰਧਰ ਦੂਰਦਰਸ਼ਨ ਤੇ ਹੋਰ ਪੰਜਾਬੀ ਚੈਨਲਾਂ ਉਤੇ ਗਲਤ ਪੰਜਾਬੀ ਸ਼ਬਦ-ਜੋੜ ਤੇ ਉਚਾਰਨ ਦੇਖ ਕੇ, ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ ।

7. **ਮਾਤ ਭਾਸ਼ਾ ਪ੍ਰਤੀ ਸਰਕਾਰੀ ਨੀਤੀ :** ਹਰ ਖੇਤਰੀ ਸਰਕਾਰ ਦਾ ਇਹ ਨੈਤਿਕ ਫ਼ਰਜ ਹੁੰਦਾ ਹੈ ਕਿ ਉਹ ਆਪਣੇ ਖਿੱਤੇ ਦੀ ਭਾਸ਼ਾ ਨੂੰ ਉਤਸ਼ਾਹ ਦੇਵੇ । ਸਰਕਾਰੀ ਤੇ ਸਿੱਖਿਆ ਖੇਤਰਾਂ ਵਿਚ ਉਸਦੀ ਵਰਤੋਂ ਕੀਤੀ ਜਾਵੇ ਤੇ ਉਸਨੂੰ ਭਾਸ਼ਾ ਦਾ ਰੁਤਬਾ ਦਿੱਤਾ ਜਾਵੇ । ਪਰ ਇਹ ਦੁੱਖ ਦੀ ਗੱਲ ਹੈ ਕਿ ਪੰਜਾਬ ਵਿਚ ਸਮੇਂ-ਸਮੇਂ 'ਤੇ ਬਣੀਆਂ ਸਰਕਾਰਾਂ ਕਦੀ ਵੀ ਪੰਜਾਬੀ ਭਾਸ਼ਾ ਦੇ ਮਸਲੇ ਪ੍ਰਤੀ ਗੰਭੀਰ ਨਹੀਂ ਰਹੀਆਂ । ਸਾਡੇ ਲੀਡਰ ਪਹਿਲੀ ਕਲਾਸ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਐਲਾਨ ਕਰਦੇ ਹਨ, ਪਰ ਪੰਜਾਬ ਵਿਚਲੇ ਪ੍ਰਾਈਵੇਟ ਜਾਂ ਸੀ.ਬੀ.ਐਸ.ਸੀ.ਪੈਟਰਨ ਵਾਲੇ ਸਕੂਲਾਂ ਨੂੰ ਕੋਈ ਸਪਸ਼ਟ ਹਦਾਇਤਾਂ ਨਹੀਂ ਦਿੰਦੇ ਕਿ ਉਹ ਸ਼ੁਰੂ ਤੋਂ ਬੱਚਿਆਂ ਨੂੰ ਮਾਤ ਭਾਸ਼ਾ ਵੀ ਨਾਲ-ਨਾਲ ਪੜ੍ਹਾਉਣ।

ਉਪਰੋਕਤ ਵਰਵਿਤ ਕੁਝ ਅਜੋਕੀਆਂ ਚੁਣੌਤੀਆਂ ਤੇ ਸਮੱਸਿਆਵਾਂ ਹਨ ਜੋ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਮਿਟਾਉਣ ਵਿਚ ਯਤਨਸ਼ੀਲ ਹਨ ।